# ਪੰਜਾਬੀ-004

## Class-X (ਦਸਵੀਂ)

# MARKING SCHEME (ਉੱਤਰ-ਕੁੰਜੀ)

## ਸੈਸ਼ਨ 2023-2024

**Time Allowed: 03 Hours** **Maximum Marks: 80**

**ਸਮਾਂ: 03 ਘੰਟੇ** **ਕੁੱਲ ਅੰਕ: 80**

## ਭਾਗ-I. ਪੜ੍ਹਨ ਕੌਸ਼ਲ (Part-I Reading Skill) 10

**ਨੋਟ: ਹੇਠ ਲਿਖੇ ਵਾਰਤਕ ਪੈਰੇ ਅਤੇ ਕਾਵਿ-ਟੁਕੜੀ ਨੂੰ ਧਿਆਨ ਨਾਲ਼ ਪੜ੍ਹੋ ਅਤੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਉਹਨਾਂ ਦੇ ਆਧਾਰ 'ਤੇ/ ਉਹਨਾਂ ਦੇ ਹੇਠਾਂ ਦਿੱਤੇ ਗਏ ਵਿਕਲਪਾਂ ਵਿੱਚੋਂ ਚੁਣ ਕੇ ਲਿਖੋ/ਉੱਤਰ ਸ਼ੀਟ ਵਿੱਚ ਦਰਜ ਕਰੋ:**

**6x1=6**

1. ਪੈਰੇ ਦੇ ਆਧਾਰ 'ਤੇ ਹੇਠਲੇ ਉੱਤਰ ਸਹੀ ਹਨ :

(i) ਕਿਹੜੇ ਮਸਲੇ ਦਾ 1960 ਈਸਵੀ ਤੱਕ ਫ਼ੈਸਲਾ ਹੀ ਨਾ ਹੋ ਸਕਿਆ ?

(A) ਪਾਣੀ ਦੀ ਵੰਡ

(ii) ਪਾਣੀ ਨੂੰ ਸਾਂਝਾ ਵਰਤਣ ਲਈ ਭਾਰਤ ਅਤੇ ਪਾਕਿਸਤਾਨ ਦੁਆਰਾ 1960 ਈਸਵੀ ਵਿੱਚ ਜਿਸ ਸਮਝੌਤੇ 'ਤੇ ਦਸਖ਼ਤ ਕੀਤੇ ਗਏ, ਉਸ ਸਮਝੌਤੇ ਨੂੰ ਕੀ ਨਾਂ ਦਿੱਤਾ ਗਿਆ ?

(C) ਸਿੰਧੂ ਜਲ ਸੰਧੀ

(iii) ਗੰਗਾ ਨਦੀ ਪ੍ਰਨਾਲ਼ੀ ਕਿਹੜੇ ਖੇਤਰਾਂ ਤੱਕ ਸੀਮਤ ਹੈ ?

(D) ਭਾਰਤੀ ਅਤੇ ਨੇਪਾਲੀ ਖੇਤਰ

(iv) ਭਾਰਤ ਅਤੇ ਪਾਕਿਸਤਾਨ ਦਰਮਿਆਨ ਕਿੰਨੇ ਸਾਲਾਂ ਦੀ ਗੱਲਬਾਤ ਤੋਂ ਬਾਅਦ ਸਿੰਧੂ ਜਲ ਸੰਧੀ 'ਤੇ ਦਸਖ਼ਤ ਕੀਤੇ ਗਏ ?

(A) ਨੌਂ

(v) ਕਿਹੜੀ ਸੰਧੀ ਨੂੰ ਵਿਸ਼ਵ ਇਤਿਹਾਸ ਵਿੱਚ ਸਭ ਤੋਂ ਸਫ਼ਲ ਅੰਤਰ-ਰਾਸ਼ਟਰੀ ਸੰਧੀਆਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ?

(B) ਸਿੰਧੂ ਜਲ ਸੰਧੀ

(vi) ਭਾਰਤ ਵਿੱਚ ਮੁੱਖ ਤੌਰ 'ਤੇ ਕਿੰਨੀਆਂ ਨਦੀ ਜਲ ਪ੍ਰਨਾਲ਼ੀਆਂ ਹਨ ?

(B) 3

**2.** ਕਾਵਿ-ਟੁਕੜੀ ਦੇ ਆਧਾਰ 'ਤੇ ਹੇਠ ਲਿਖੇ ਸੰਭਾਵੀ ਉੱਤਰ ਹੋ ਸਕਦੇ ਹਨ : **4X1=4**

(i) ਪੰਜਾਬ ਦੇ ਜਵਾਨਾਂ ਦੀ ਕਿਹੜੀ ਬੇਪਰਵਾਹੀ ਦੱਸੀ ਗਈ ਹੈ ?

ਉੱਤਰ: ਕਵੀ ਅਨੁਸਾਰ ਪੰਜਾਬ ਦੇ ਜਵਾਨ ਮੌਤ ਤੋਂ ਬੇਪਰਵਾਹ ਹਨ। ਉਹ ਮੌਤ ਤੋਂ ਡਰਦੇ ਹੀ ਨਹੀਂ ਸਗੋਂ ਮੌਤ ਨੂੰ ਮਖੌਲਾਂ ਕਰਦੇ ਹਨ।

(ii) ਪੰਜਾਬ ਦੇ ਜਵਾਨਾਂ ਨੂੰ ਵੱਸ ਵਿੱਚ ਕਰਨ ਦਾ ਕਿਹੜਾ ਗੁਰ ਦੱਸਿਆ ਗਿਆ ਹੈ ?

ਉੱਤਰ: ਕਵੀ ਅਨੁਸਾਰ ਪੰਜਾਬ ਦੇ ਜਵਾਨਾਂ ਨੂੰ ਪਿਆਰ ਨਾਲ਼ ਵਸ ਵਿੱਚ ਕੀਤਾ ਜਾ ਸਕਦਾ ਹੈ।

(iii) "ਪਰ ਟੈਂ ਨਾ ਮੰਨਣ ਕਿਸੇ ਦੀ" ਤੁਕ ਤੋਂ ਪੰਜਾਬੀਆਂ ਦੇ ਕਿਹੜੇ ਸੁਭਾਅ ਦਾ ਪਤਾ ਲੱਗਦਾ ਹੈ?

ਉੱਤਰ: "ਪਰ ਟੈਂ ਨਾ ਮੰਨਣ ਕਿਸੇ ਦੀ" ਤੁਕ ਤੋਂ ਪੰਜਾਬੀਆਂ ਦੇ ਅਣਖੀ ਸੁਭਾਅ ਦਾ ਪਤਾ ਲੱਗਦਾ ਹੈ।

(iv) 'ਖਲੋ ਜਾਣ' ਤੋਂ ਕੀ ਭਾਵ ਹੈ?

ਉੱਤਰ: ਖਲੋ ਜਾਣ ਤੋਂ ਭਾਵ: ਖੜ੍ਹ ਜਾਣ/ਰੁਕ ਜਾਣ

## ਭਾਗ-II ਵਿਆਕਰਨ (Part-II Grammar) 12

### 3. ਸਮਾਸੀ ਸ਼ਬਦ: (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ) 2X1=2

(i) ਹੇਠਾਂ ਲਿਖਿਆਂ ਵਿੱਚੋਂ ਸਹੀ ਸਮਾਸੀ ਸ਼ਬਦ ਚੁਣੋ:

(D) ਸੇਵਾ-ਮੁਕਤ

(ii) ਹੇਠ ਲਿਖੇ ਵਿਕਲਪਾਂ ਵਿੱਚੋਂ ਕਿਹੜਾ ਭਿੰਨ-ਭਿੰਨ ਅਰਥਾਂ ਵਾਲ਼ਾ ਇੱਕ ਸਮਾਸੀ ਸ਼ਬਦ ਹੈ :

(A) ਸੋਨਾ-ਚਾਂਦੀ

(iii) 'ਧਰਮ-ਕਰਮ' ਸਮਾਸੀ-ਸ਼ਬਦ ਲਈ ਠੀਕ ਸ਼ਬਦ-ਸਮੂਹ ਚੁਣੋ-

(A) ਧਰਮ ਅਤੇ ਕਰਮ

### 4. ਬਹੁ-ਅਰਥਕ ਸ਼ਬਦ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ) 2X1=2

(i) ਕਿਹੜਾ ਸ਼ਬਦ 'ਡੰਡੀ' ਸ਼ਬਦ ਦਾ ਬਹੁ-ਅਰਥਕ ਸ਼ਬਦ ਨਹੀ ਹੈ ?

(A) ਡੰਗ

(ii) ਜੋ ਸ਼ਬਦ ਇੱਕ ਤੋਂ ਜ਼ਿਆਦਾ ਅਰਥ ਰੱਖਦਾ ਹੈ, ਉਸ ਨੂੰ ਕੀ ਕਹਿੰਦੇ ਹਨ ?

(D) ਬਹੁ-ਅਰਥਕ ਸ਼ਬਦ

(iii) 'ਸਰ' ਦਾ ਇੱਕ ਅਰਥ ਹੈ 'ਫ਼ਤਿਹ ਕਰਨਾ' ਦੂਜਾ ਅਰਥ ਹੈ :

(B) ਕੰਮ ਹੋਣਾ

5. **ਕਿਰਿਆ-ਵਿਸ਼ੇਸ਼ਣ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ)** **2X1=2**

(i) ਹੇਠ ਲਿਖੇ ਸ਼ਬਦ ਸਮੂਹਾਂ ਵਿੱਚੋਂ ਸਥਾਨ-ਵਾਚਕ ਕਿਰਿਆ-ਵਿਸ਼ੇਸ਼ਣ ਚੁਣੋ :

(B) ਅੰਦਰ, ਖੱਬੇ, ਬਾਹਰ

(ii) ਜੋ ਕਿਰਿਆ-ਵਿਸ਼ੇਸ਼ਣ ਕਿਰਿਆ ਦੇ ਕੰਮ ਹੋਣ ਦਾ ਸਮਾਂ ਦੱਸਣ ਉਹਨਾਂ ਨੂੰ ਕੀ ਕਿਹਾ ਜਾਂਦਾ ਹੈ ?

(C) ਕਾਲ-ਵਾਚਕ ਕਿਰਿਆ-ਵਿਸ਼ੇਸ਼ਣ

(iii) ਹੇਠ ਲਿਖੇ ਵਾਕ ਵਿੱਚੋਂ ਕਿਰਿਆ-ਵਿਸ਼ੇਸ਼ਣ ਚੁਣੋ :

ਦੀਪਕ ਸਵੇਰੇ ਦਿੱਲੀ ਜਾਵੇਗਾ ।

(B) ਸਵੇਰੇ

6. **ਅਗੇਤਰ-ਪਿਛੇਤਰ:** **1+1=2**

**ਪੁੱਛੇ ਗਏ ਅਨੁਸਾਰ ਹੱਲ ਕਰੋ:**

(i) ਹੇਠ ਲਿਖਿਆਂ ਵਿੱਚੋਂ ਕਿਸੇ **ਇੱਕ ਅਗੇਤਰ** ਨੂੰ ਵਰਤ ਕੇ ਦੋ-ਦੋ ਸ਼ਬਦ ਬਣਾਓ :

ਉਪ, ਅੰਤਰ

ਉੱਤਰ:- ਉਪ: ਉਪਭਾਸ਼ਾ, ਉਪਨਾਮ, ਉਪਨਿਵੇਸ਼, ਉਪਵਾਕ

ਅੰਤਰ: ਅੰਤਰਧਿਆਨ, ਅੰਤਰਮੁਖੀ, ਅੰਤਰਆਤਮਾ, ਅੰਤਰਰਾਸ਼ਟਰੀ

(ii) ਹੇਠ ਲਿਖਿਆਂ ਵਿੱਚੋਂ ਕਿਸੇ **ਇੱਕ ਪਿਛੇਤਰ** ਨੂੰ ਵਰਤ ਕੇ ਦੋ-ਦੋ ਸ਼ਬਦ ਬਣਾਓ :

ਆਈ, ਸਾਰ

ਉੱਤਰ:- ਆਈ: ਲਿਖਾਈ, ਕੁੜਮਾਈ, ਨਰਮਾਈ, ਲੜਾਈ

ਸਾਰ: ਸ਼ਰਮਸਾਰ, ਤੜਕਸਾਰ, ਮਿਲ਼ਣਸਾਰ, ਹੰਢਣਸਾਰ

7. **ਮੁਹਾਵਰੇ:** ਹੇਠ ਲਿਖਿਆਂ ਵਿੱਚੋਂ ਕਿਸੇ **ਚਾਰ ਮੁਹਾਵਰਿਆਂ** ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋਂ ਕਿ ਅਰਥ ਸਪਸ਼ਟ ਹੋ ਜਾਣ: **4X1=4**

(i) ਕਿਸਮਤ ਦਾ ਧਨੀ ਹੋਣਾ: ਅਮਨ ਤਾਂ ਕਿਸਮਤ ਦਾ ਧਨੀ ਹੈ, ਜੋ ਵੀ ਕੰਮ ਕਰਦਾ ਹੈ, ਸਫ਼ਲ ਹੀ ਹੁੰਦਾ ਹੈ।

(ii) ਖਾਣ ਨੂੰ ਪੈਣਾ: ਕੁਲਦੀਪ ਜਦੋਂ ਦਾ ਬਿਮਾਰ ਰਹਿਣ ਲੱਗਿਆ ਹੈ, ਗੱਲ-ਗੱਲ ’ਤੇ ਖਾਣ ਨੂੰ ਪੈਂਦਾ ਹੈ।

(iii) ਗੰਢ-ਤੁੱਪ ਕਰਨੀ: ਕੁਝ ਲੋਕ ਆਪਣੇ ਮਤਲਬ ਲਈ ਹਰ ਤਰ੍ਹਾਂ ਦੀ ਗੰਢ-ਤੁੱਪ ਕਰ ਲੈਂਦੇ ਹਨ।

(iv) ਚਿਹਰਾ ਉਤਰ ਜਾਣਾ: ਚੋਣਾਂ ਵਿੱਚ ਹਾਰ ਹੋ ਜਾਣ ਦਾ ਪਤਾ ਲੱਗਣ ’ਤੇ ਉਮੀਦਵਾਰ ਦਾ ਚਿਹਰਾ ਉਤਰ ਗਿਆ।

(v) ਛਿੱਕੇ ਉੱਤੇ ਟੰਗਣਾ: ਅਜੋਕੀ ਨੌਜਵਾਨ ਪੀੜ੍ਹੀ ਨਿਯਮਾਂ-ਕਨੂੰਨਾਂ ਨੂੰ ਛਿੱਕੇ ਉੱਤੇ ਟੰਗਣ ਵਿੱਚ ਆਪਣੀ ਸ਼ਾਨ ਸਮਝਦੀ ਹੈ।

(vi) ਜਾਨ ਮਾਰਨਾ: ਵਿਦੇਸ਼ਾਂ ਵਿੱਚ ਰੋਜ਼ੀ-ਰੋਟੀ ਕਮਾਉਣ ਲਈ ਖ਼ੂਬ ਜਾਨ ਮਾਰਨੀ ਪੈਂਦੀ ਹੈ।

## ਭਾਗ-III. ਪ੍ਰਭਾਵਸ਼ਾਲੀ ਲਿਖਣ-ਕੌਸ਼ਲ (Part III: Writing Skill) 8+6+4=18

8. ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਵਿਸ਼ੇ 'ਤੇ 200 ਸ਼ਬਦਾਂ ਵਿੱਚ ਲੇਖ ਲਿਖੋ : 1X8 = 8

ਨੋਟ: ਵਿਦਿਆਰਥੀ ਆਪਣੀ ਜਾਣਕਾਰੀ, ਸੋਚ ਤੇ ਬੁੱਧੀ ਮੁਤਾਬਕ ਲਿਖਣਗੇ ਅਤੇ ਅੰਕਾਂ ਦੀ ਵੰਡ ਇਸ ਪ੍ਰਕਾਰ ਹੋਵੇਗੀ:-

| | |
|---|---|
| ਭੂਮਿਕਾ: | 1 ਅੰਕ |
| ਪੇਸ਼ਕਾਰੀ: | 2 ਅੰਕ |
| ਵਿਸ਼ੇ ਦਾ ਗਿਆਨ: | 3 ਅੰਕ |
| ਸ਼ਬਦ-ਚੋਣ: | 1 ਅੰਕ |
| ਸ਼ਬਦ-ਜੋੜ: | 1 ਅੰਕ |

9. ਤੁਹਾਡੇ ਸਕੂਲ ਵਿੱਚ ਪੀਣ ਵਾਲੇ ਪਾਣੀ ਦੀ ਬਹੁਤ ਸਮੱਸਿਆ ਹੈ, ਆਪਣੇ ਸਕੂਲ ਦੇ ਮੁਖੀ ਨੂੰ ਇਸ ਵਿੱਚ ਸੁਧਾਰ ਕਰਨ ਲਈ ਪੱਤਰ ਲਿਖੋ।

ਜਾਂ

ਤੁਹਾਡਾ ਮਿੱਤਰ/ਸਹੇਲੀ ਦਸਵੀਂ ਜਮਾਤ ਵਿੱਚੋਂ ਮੈਰਿਟ ਵਿੱਚ ਆਇਆ/ਆਈ ਹੈ, ਉਸ ਨੂੰ ਵਧਾਈ ਦਿੰਦੇ ਹੋਏ ਪੱਤਰ ਲਿਖੋ । 1X6 = 6

ਨੋਟ: ਵਿਦਿਆਰਥੀ ਆਪਣੀ ਜਾਣਕਾਰੀ, ਸੋਚ ਤੇ ਬੁੱਧੀ ਮੁਤਾਬਕ ਲਿਖਣਗੇ ਅਤੇ ਅੰਕਾਂ ਦੀ ਵੰਡ ਇਸ ਪ੍ਰਕਾਰ ਹੋਵੇਗੀ:-

| | |
|---|---|
| ਅਰੰਭਲਾ ਭਾਗ: | 2 ਅੰਕ |
| ਵਿਚਕਾਰਲਾ ਭਾਗ: | 3 ਅੰਕ |
| ਅੰਤਲਾ ਭਾਗ: | 1 ਅੰਕ |

10. ਹੇਠਲੀ ਤਸਵੀਰ ਨੂੰ ਧਿਆਨ ਨਾਲ਼ ਵੇਖੋ ਅਤੇ ਉਸ ਬਾਰੇ 50 ਸ਼ਬਦਾਂ ਵਿੱਚ ਲਿਖੋ: 1X4 = 4

ਨੋਟ: ਵਿਦਿਆਰਥੀ ਆਪਣੀ ਜਾਣਕਾਰੀ, ਸੋਚ ਤੇ ਬੁੱਧੀ ਮੁਤਾਬਕ ਲਿਖਣਗੇ ਅਤੇ ਵਿਦਿਆਰਥੀ ਦੇ ਵੇਰਵਿਆਂ ਵੱਲ ਵਿਸ਼ੇਸ਼ ਧਿਆਨ ਦਿੰਦੇ ਹੋਏ, ਬਣਦੇ ਅੰਕ ਦਿੱਤੇ ਜਾਣ

**ਨੋਟ: ਇਹ ਪ੍ਰਸ਼ਨ ਤਸਵੀਰ ਆਧਾਰਿਤ ਪ੍ਰਸ਼ਨ ਦੀ ਥਾਂ ਸਿਰਫ਼ ਨੇਤਰਹੀਣ ਵਿਦਿਆਰਥੀਆਂ ਲਈ ਹੈ:-**

ਆਪਣੇ ਸਕੂਲ ਦੇ ਪ੍ਰਿੰਸੀਪਲ ਨੂੰ ਆਚਰਨ ਸਰਟੀਫਿਕੇਟ ਲੈਣ ਲਈ ਪੱਤਰ ਲਿਖੋ।

ਵਿਦਿਆਰਥੀ ਆਪਣੀ ਜਾਣਕਾਰੀ, ਸੋਚ ਤੇ ਬੁੱਧੀ ਮੁਤਾਬਕ ਲਿਖਣਗੇ ਅਤੇ ਵਿਦਿਆਰਥੀ ਦੇ ਵੇਰਵਿਆਂ ਵੱਲ ਵਿਸ਼ੇਸ਼ ਧਿਆਨ ਦਿੰਦੇ ਹੋਏ ਬਣਦੇ, ਅੰਕ ਦਿੱਤੇ ਜਾਣ ।

## ਭਾਗ-IV: ਪਾਠ-ਪੁਸਤਕਾਂ 'ਤੇ ਆਧਾਰਿਤ ਪ੍ਰਸ਼ਨ

**(Part IV: Text Books based questions) 5+5+4+14+8+4=40**

11. **ਕਹਾਣੀ ਤੇ ਵਾਰਤਕ ਵਿੱਚੋਂ (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਹੱਲ ਕਰੋ) :**

**5X1=5**

(i) **'ਘਰ ਦਾ ਪਿਆਰ'** ਲੇਖ ਅਨੁਸਾਰ ਮੁੰਡਿਆਂ ਅਤੇ ਵਿਦਿਆਰਥੀਆਂ ਅੰਦਰ ਗ਼ੈਰ-ਜ਼ੁੰਮੇਵਾਰੀ ਵਾਲ਼ਾ ਵਤੀਰਾ ਕਿਉਂ ਪੈਦਾ ਹੋ ਜਾਂਦਾ ਹੈ ?

(B) ਬੋਰਡਿੰਗ ਦੀ ਰਹਿਣੀ-ਬਹਿਣੀ ਕਾਰਨ

(ii) **'ਬੋਲੀ'** ਲੇਖ ਵਿੱਚ ਲੇਖਕ ਨੇ ਮਹਿੰਗੀ ਤੇ ਪਿਆਰੀ ਵਿਰਾਸਤ ਕਿਸ ਨੂੰ ਆਖਿਆ ਹੈ ?

(A)ਬੋਲੀ ਨੂੰ

(iii) ਚੌਧਰੀ ਚੜ੍ਹਤ ਸਿੰਘ ਨੇ ਪਿੰਡ ਦੀ ਇੱਜ਼ਤ ਬਚਾਉਣ ਲਈ ਕਿਸ ਨੂੰ ਬੇਨਤੀ ਕੀਤੀ?

(C) ਬਾਬੇ ਪੁਨੂੰ ਨੂੰ

(iv) 'ਕੁਲਫ਼ੀ' ਕਹਾਣੀ ਦੇ ਲੇਖਕ ਦਾ ਨਾਮ ਦੱਸੋ ।

(D) ਸੁਜਾਨ ਸਿੰਘ

(v) ਕਰਮ ਸਿੰਘ ਦਾ ਪਿੰਡ ਕਿਹੜਾ ਸੀ ?

(A) ਠੱਠੀ-ਖਾਰਾ

(vi) ਕਰਤਾਰ ਸਿੰਘ ਦੇ ਸਿਰ ਸੁਸਾਇਟੀ ਦਾ ਕਿੰਨਾ ਕਰਜ਼ਾ ਸੀ ?

(C) ਸਾਢੇ ਸੋਲਾਂ ਸੌ ਰੁਪਏ

12. **ਕਵਿਤਾ ਤੇ ਇਕਾਂਗੀ ਵਿੱਚੋਂ (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਹੱਲ ਕਰੋ) :**

**5X1=5**

(i) ਸੋ ਕਿਉ ਮੰਦਾ ਆਖੀਐ' ਬਾਣੀ ਕਿਸ ਗੁਰੂ ਸਾਹਿਬ ਦੀ ਰਚਨਾ ਹੈ ?

(B) ਸ੍ਰੀ ਗੁਰੂ ਨਾਨਕ ਦੇਵ ਜੀ

(ii) 'ਸੋ ਕਿਉ ਮੰਦਾ ਆਖੀਐ' ਬਾਣੀ ਵਿਚ ਗੁਰੂ ਸਾਹਿਬ ਨੇ ਇਸਤਰੀ ਤੋਂ ਬਿਨਾਂ ਕੇਵਲ ਕਿਸ ਦੀ ਹੋਂਦ ਸਵੀਕਾਰ ਕੀਤੀ ਗਈ ਹੈ ?

(C) ਪਰਮਾਤਮਾ ਦੀ

(iii) "ਕਿਰਪਾ ਕਰਿ ਕੈ ਬਖਸਿ ਲੈਹੁ" ਬਾਣੀ ਵਿਚ 'ਖਤੇ' ਸ਼ਬਦ ਦਾ ਕੀ ਅਰਥ ਹੈ?

(B) ਭੁੱਲ

(iv) 'ਦੂਜਾ ਵਿਆਹ' ਇਕਾਂਗੀ ਕਿਸ ਦਾ ਲਿਖਿਆ ਹੋਇਆ ਹੈ?

(B) ਸੰਤ ਸਿੰਘ ਸੇਖੋਂ

(v) ਗੁਰੂ ਗੋਬਿੰਦ ਸਿੰਘ ਜੀ ਔਰੰਗਜ਼ੇਬ ਨੂੰ ਕਿਸ ਥਾਂ 'ਤੇ ਮਿਲਣਾ ਚਾਹੁੰਦੇ ਸਨ ?

(A) ਦੀਨਾ ਕਾਂਗੜ

(vi) ਔਰੰਗਜ਼ੇਬ ਨੂੰ 'ਜ਼ਫ਼ਰਨਾਮਾ' ਕਿਸ ਦੁਆਰਾ ਲਿਖਿਆ ਗਿਆ ?

(D) ਗੁਰੂ ਗੋਬਿੰਦ ਸਿੰਘ ਜੀ

## 13.**ਕਹਾਣੀ ਤੇ ਵਾਰਤਕ ਵਿੱਚੋਂ ( ਕਿਸੇ ਚਾਰ ਪ੍ਰਸ਼ਨਾਂ ਦੇ ਉੱਤਰ ਇੱਕ-ਦੋ ਸ਼ਬਦਾਂ ਵਿੱਚ ਦਿਓ) :**

**4X1=4**

(i) 'ਮੇਰੇ ਵੱਡੇ-ਵਡੇਰੇ' ਲੇਖ ਦੇ ਲੇਖਕ ਦੇ ਦਾਦੇ ਦੇ ਭਰਾ ਕਿਹੋ-ਜਿਹੇ ਸਨ ?

ਉੱਤਰ: ਦਿਓਆਂ ਜਿੱਡੇ ਕੱਦ-ਕਾਠ ਵਾਲ਼ੇ ।

(ii) ਅਣਬੋਲਿਆ ਮਨੁੱਖ ਕਿਸ ਦੇ ਸਮਾਨ ਹੈ ?

ਉੱਤਰ: ਬੂਹੇ ਬੰਦ ਮਕਾਨ

(iii) ਕਥੱਕੜ ਸ਼ਬਦ ਦਾ ਕੀ ਅਰਥ ਹੈ?

ਉੱਤਰ: ਕਥਾ ਕਰਨ ਵਾਲ਼ਾ

(iv) ਕਾਕਾ ਸੁੱਤਾ ਪਿਆ ਕੀ ਬੁੜਬੁੜਾ ਰਿਹਾ ਸੀ ?

ਉੱਤਰ: ਕੁਲਫ਼ੀ

(v) ਮਾਨ ਸਿੰਘ ਕਿੱਥੇ ਜਾ ਰਿਹਾ ਸੀ ?

ਉੱਤਰ: ਕਰਮ ਸਿੰਘ ਦੇ ਪਿੰਡ ਜਾਂ ਪਿੰਡ ਠੱਠੀ ਖਾਰਾ (ਦੋਨੋਂ ਉੱਤਰ ਸਹੀ ਹੋ ਸਕਦੇ ਹਨ)

## 14. **ਕਹਾਣੀ, ਵਾਰਤਕ ਤੇ ਇਕਾਂਗੀ ਵਿੱਚੋਂ (ਕਿਸੇ ਸੱਤ ਪ੍ਰਸ਼ਨਾਂ ਦੇ ਉੱਤਰ 25 ਤੋਂ 30 ਸ਼ਬਦਾਂ ਵਿੱਚ ਦਿਓ) :** **7X2=14**

(i) 'ਅੰਗ-ਸੰਗ' ਕਹਾਣੀ ਵਿੱਚ ਸੁਸਾਇਟੀ ਦੇ ਇਨਸਪੈੱਕਟਰ ਨੇ ਅਮਰੀਕ ਸਿੰਘ ਨੂੰ ਕਿਸ ਗੱਲ ਦੀ ਰਿਆਇਤ ਦਿੱਤੀ?

ਉੱਤਰ: ਸੁਸਾਇਟੀ ਦੇ ਇਨਸਪੈੱਕਟਰ ਨੇ ਉਸ ਦੇ ਪਿਤਾ ਦੇ ਸਿਰ ਚੜ੍ਹੇ ਸਾਢੇ ਸੋਲਾਂ ਸੌ ਰੁਪਏ ਦੇ ਕਰਜ਼ੇ ਨੂੰ ਉਸ ਦੇ ਪਿਤਾ ਦੀ ਮੌਤ ਤੋਂ ਬਾਅਦ ਯੱਕਮੁਸ਼ਤ/ਇੱਕੋ ਵਾਰ ਮੋੜਨ ਦੀ ਥਾਂ ਦੋ ਕਿਸ਼ਤਾਂ ਵਿੱਚ ਜਮ੍ਹਾਂ ਕਰਵਾਉਣ ਦੀ ਮੁਹਲਤ ਦਿੱਤੀ।

(ii) ਲੇਖਕ ਆਪਣੇ ਪਿਤਾ ਦੇ ਸਮੇਂ ਦੀ ਤੁਲਨਾ ਆਪਣੇ ਸਮੇਂ ਨਾਲ਼ ਕਿਉਂ ਕਰਦਾ ਹੈ ? ? 'ਕੁਲਫ਼ੀ' ਕਹਾਣੀ ਦੇ ਆਧਾਰ 'ਤੇ ਦੱਸੋ।

ਉੱਤਰ: ਆਪਣੇ ਪਿਤਾ ਦੇ ਸਮੇਂ ਦੀ ਤੁਲਨਾ ਆਪਣੇ ਸਮੇਂ ਨਾਲ਼ ਕਰਦਾ ਹੈ ਕਿਉਂਕਿ ਉਸ ਦੀ ਪੜ੍ਹਾਈ ਭਾਵੇਂ ਆਪਣੇ ਪਿਤਾ ਨਾਲੋਂ ਕਈ ਗੁਣਾਂ ਵੱਧ ਸੀ ਪਰ ਉਸ ਦੀ ਆਮਦਨ ਆਪਣੇ ਪਿਤਾ ਨਾਲੋਂ ਬਹੁਤ ਘੱਟ ਸੀ।

(iii) ਕਰਮ ਸਿੰਘ ਦੇ ਬਾਪੂ ਨੇ ਮਾਨ ਸਿੰਘ ਤੋਂ ਕਿਹੜੀ ਗੱਲ ਛੁਪਾਈ ਤੇ ਕਿਉਂ ?

ਉੱਤਰ: ਕਰਮ ਸਿੰਘ ਦੇ ਬਾਪੂ ਨੇ ਮਾਨ ਸਿੰਘ ਤੋਂ ਕਰਮ ਸਿੰਘ ਦੀ ਲੜਾਈ ਵਿੱਚ ਮੌਤ ਹੋ ਜਾਣ ਦੀ ਖ਼ਬਰ ਛੁਪਾਈ, ਕਿਉਂਕਿ ਉਹ ਨਹੀਂ ਸੀ ਚਾਹੁੰਦਾ ਕਿ ਮਾਨ ਸਿੰਘ ਦੀ ਛੁੱਟੀ ਖ਼ਰਾਬ ਹੋਵੇ।

(iv) ਮਨਜੀਤ ਦੀ ਸੱਸ ਉਸ ਨੂੰ ਕਿਸ ਗੱਲ ਦਾ ਡਰਾਵਾ ਦਿੰਦੀ ਰਹਿੰਦੀ ਹੈ ?

ਉੱਤਰ: ਮਨਜੀਤ ਦੀ ਸੱਸ ਨਿਹਾਲ ਕੌਰ ਉਸ ਨੂੰ ਆਪਣੇ ਪੁੱਤਰ ਸੁਖਦੇਵ ਦਾ ਦੂਜਾ ਵਿਆਹ ਕਰਵਾ ਦੇਣ ਦਾ ਡਰਾਵਾ ਦਿੰਦੀ ਰਹਿੰਦੀ ਹੈ ।

(v) ਔਰੰਗਜ਼ੇਬ ਕੋਲ਼ 'ਜ਼ਫ਼ਰਨਾਮਾ' ਕੌਣ ਲੈ ਕੇ ਗਿਆ ਸੀ ?

ਉੱਤਰ: ਸ੍ਰੀ ਗੁਰੂ ਗੋਬਿੰਦ ਸਿੰਘ ਦੁਆਰਾ ਲਿਖਿਆ ਖ਼ਤ 'ਜ਼ਫ਼ਰਨਾਮਾ' ਔਰੰਗਜ਼ੇਬ ਕੋਲ਼ ਭਾਈ ਦਯਾ ਸਿੰਘ ਨਾਂ ਦਾ ਸਿੱਖ ਲੈ ਕੇ ਗਿਆ ਸੀ ਤੇ ਉਹਨਾਂ ਨੇ 'ਜ਼ਫ਼ਰਨਾਮਾ' ਆਪਣੇ ਹੱਥੀਂ ਔਰੰਗਜ਼ੇਬ ਨੂੰ ਦਿੱਤਾ ਸੀ।

(vi) 'ਤੁਰਨ ਦਾ ਹੁਨਰ' ਪਾਠ ਅਨੁਸਾਰ ਕਿਹੜੇ ਲੋਕ ਤਰਸ ਦੇ ਪਾਤਰ ਹੁੰਦੇ ਹਨ ਅਤੇ ਕਿਉਂ?

ਉੱਤਰ: ਉਹ ਲੋਕ ਜੋ ਸਮੇਂ ਦੀ ਬਰਬਾਦੀ ਕਰਦੇ ਹਨ , ਤਰਸ ਦੇ ਪਾਤਰ ਹੁੰਦੇ ਹਨ ਕਿਉਂਕਿ ਇਹਨਾਂ ਦੀ ਬਹੁਤੀ ਗੱਲਬਾਤ ਆਪਣੀਆਂ ਬਿਮਾਰੀਆਂ ਬਾਰੇ ਹੀ ਹੁੰਦੀ ਹੈ।

(vii) ਲੇਖਕ ਅਨੁਸਾਰ ਮਨੁੱਖ ਦਾ ਆਚਰਨ ਬਣਾਉਣ ਵਿੱਚ ਘਰ ਦੀ ਕੀ ਭੂਮਿਕਾ ਹੈ ?

ਉੱਤਰ: ਆਚਰਨ ਬਣਾਉਣ ਵਿੱਚ ਜਿੱਥੇ ਸਮਾਜਿਕ ਤੇ ਮੁਲਕੀ ਆਲ਼ੇ-ਦੁਆਲ਼ੇ ਦਾ ਅਸਰ ਕੰਮ ਕਰਦਾ ਹੈ, ਉੱਥੇ ਘਰ ਦੀ ਚਾਰ-ਦਿਵਾਰੀ ਅਤੇ ਉਸ ਦੇ ਅੰਦਰਲੇ ਹਾਲਾਤ ਦਾ ਅਸਰ ਵੀ ਘੱਟ ਕੰਮ ਨਹੀਂ ਕਰਦਾ, ਸਗੋਂ ਮਨੁੱਖ ਦਾ ਆਚਰਨ ਬਣਦਾ ਹੀ ਘਰ ਵਿੱਚ ਹੈ।

(viii) ਲੇਖਕ ਨੇ ਬੇਭਾਗ ਲੋਕ ਕਿਨ੍ਹਾਂ ਨੂੰ ਆਖਿਆ ਹੈ ਅਤੇ ਕਿਉਂ ?

ਉੱਤਰ : ਲੇਖਕ ਅਨੁਸਾਰ ਉਹ ਲੋਕ ਬੜੇ ਬੇਭਾਗ ਹੁੰਦੇ ਹਨ, ਜਿਨਾਂ ਨੂੰ ਵੱਡਿਆਂ ਹੋ ਕੇ ਬਚਪਨ ਦੀ ਬੋਲੀ ਨਾਲੋਂ ਕੋਈ ਵੱਖਰੀ ਬੋਲੀ ਅਪਣਾਉਣੀ ਪੈਂਦੀ ਹੈ। ਕਿਉਂਕਿ ਬਚਪਨ ਦੀ ਬੋਲੀ ਸਾਡੀ ਮਾਂ ਬੋਲੀ ਹੁੰਦੀ ਹੈ। ਸਿਰਫ਼ ਬਚਪਨ ਦੀ ਬੋਲੀ ਦੀ ਮੋਹਰ ਲਾ ਕੇ ਹੀ ਕੋਈ ਆਪਣੀ ਅੰਦਰਲੀ ਦੌਲਤ ਨੂੰ ਅਖੀਰਲੇ ਨਿੱਕੇ ਤੋਂ ਨਿੱਕੇ ਸਿੱਕੇ ਤਕ ਵਰਤ ਸਕਦਾ ਹੈ।

15. **ਕਵਿਤਾ ਤੇ ਵਾਰਤਕ ਵਿੱਚੋਂ (ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50 ਤੋਂ 60 ਸ਼ਬਦਾਂ ਵਿੱਚ ਦਿਓ) :**

**2X4=8**

(i) ਭਾਈ ਗੁਰਦਾਸ ਜੀ ਦਾ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ 'ਤੇ ਧੁੰਦ ਦੇ ਖ਼ਤਮ ਹੋ ਜਾਣ, ਚਾਨਣ ਹੋ ਜਾਣ ਅਤੇ ਤਾਰੇ ਛੁਪਣ ਤੋਂ ਕੀ ਭਾਵ ਹੈ ?

ਉੱਤਰ: ਭਾਈ ਗੁਰਦਾਸ ਜੀ ਦਾ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ 'ਤੇ ਧੁੰਦ ਦੇ ਖ਼ਤਮ ਹੋ ਜਾਣ ਅਤੇ ਚਾਨਣ ਹੋ ਜਾਣ ਤੋਂ ਭਾਵ ਹੈ ਕਿ ਜਗਤ ਵਿੱਚੋਂ ਅਵਿੱਦਿਆ ਰੂਪੀ ਧੁੰਦ ਮਿਟ ਗਈ ਹੈ ਤੇ ਗਿਆਨ ਰੂਪੀ ਚਾਨਣ ਹੋ ਗਿਆ ਹੈ। ਜਿਸ ਤਰ੍ਹਾਂ ਸੂਰਜ ਦੇ ਨਿਕਲਣ ਨਾਲ਼ ਤਾਰੇ ਅਲੋਪ ਹੋ ਜਾਂਦੇ ਹਨ ਉਸੇ ਤਰ੍ਹਾਂ ਪਖੰਡੀ ਅਲੋਪ ਹੋ ਗਏ ਹਨ ਤੇ ਭਰਮ-ਜਾਲ਼ ਹਟ ਗਿਆ ਹੈ।

ਜਾਂ

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਰਚਨਾ' ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ' ਅਨੁਸਾਰ ਪਰਮਾਤਮਾ ਦਾ ਨਾਮ ਸਿਮਰਨ ਨਾਲ਼ ਕੀ ਲਾਭ ਹੁੰਦਾ ਹੈ ?

ਉੱਤਰ: ਸ੍ਰੀ ਗੁਰੂ ਅਰਜਨ ਦੇਵ ਜੀ ਦੀ ਰਚਨਾ' ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ' ਅਨੁਸਾਰ ਪਰਮਾਤਮਾ ਦਾ ਨਾਮ ਸਿਮਰਨ ਨਾਲ਼ ਆਤਮਿਕ ਅਨੰਦ ਪ੍ਰਾਪਤ ਹੁੰਦਾ ਹੈ, ਪਰਮਾਤਮਾ ਦੇ ਗੁਣ ਗਾ ਕੇ ਮਨ ਠੰਢਾ-ਠਾਰ ਹੋ ਜਾਂਦਾ ਹੈ। ਪੂਰਨ ਗੁਰੂ ਦੇ ਰਾਹੀਂ ਹੀ ਮਨ ਅੰਦਰ ਆਤਮਿਕ ਉਤਸ਼ਾਹ ਦੀ ਹਾਲਤ ਪ੍ਰਬਲ ਹੋ ਜਾਂਦੀ ਹੈ ਤੇ ਵਿਕਾਰਾਂ ਨਾਲ਼ ਹੋ ਰਹੇ ਔਖੇ ਘੋਲ਼ ਵਿੱਚ ਜਿੱਤ ਪ੍ਰਾਪਤ ਹੋ ਜਾਂਦੀ ਹੈ।

(ii) ਪੈਦਲ ਤੁਰਨਾ ਮਨੁੱਖੀ ਸਰੀਰ ਲਈ ਕਿਵੇਂ ਲਾਭਦਾਇਕ ਹੈ ?

ਉੱਤਰ: ਪੈਦਲ ਤੁਰਨਾ ਮਨੁੱਖੀ ਸਰੀਰ ਲਈ ਬਹੁਤ ਲਾਭਦਾਇਕ ਹੈ, ਤੁਰਨ ਨਾਲ਼ ਮਨੁੱਖੀ ਸਰੀਰ ਬਿਮਾਰੀਆਂ ਤੋਂ ਬਚਿਆ ਰਹਿੰਦਾ ਹੈ, ਤੁਰਨ ਨਾਲ਼ ਭੁੱਖ ਲਗਦੀ ਹੈ ਤੇ ਆਤਮ-ਵਿਸ਼ਵਾਸ਼ ਪੈਦਾ ਹੁੰਦਾ ਹੈ। ਆਤਮ-ਹੱਤਿਆ ਕਰਨ ਚੱਲੇ ਮਨੁੱਖ ਤੁਰਨ ਕਾਰਨ ਹੀ ਆਪਣਾ ਇਰਾਦਾ ਬਦਲਦੇ ਵੇਖੇ ਗਏ ਹਨ। ਤੁਰਨ ਵਾਲ਼ਾ ਵਿਅਕਤੀ ਆਪਣੇ ਆਪ ਨੂੰ ਕੁਦਰਤ ਦੇ ਹਵਾਲੇ ਕਰ ਦਿੰਦਾ ਹੈ ਤੇ ਕੁਦਰਤ ਉਸ ਦੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਕਰ ਦਿੰਦੀ ਹੈ।

ਜਾਂ

ਔਸਕਰ ਵਾਇਲਡ ਨੇ ਅਰਦਾਸ ਦੇ ਉੱਤਰ ਬਾਰੇ ਕੀ ਲਿਖਿਆ ਹੈ ?

ਉੱਤਰ: ਔਸਕਰ ਵਾਇਲਡ ਨੇ ਅਰਦਾਸ ਦੇ ਉੱਤਰ ਬਾਰੇ ਲਿਖਿਆ ਹੈ ਕਿ ਅਰਦਾਸ ਦਾ ਉੱਤਰ ਮਿਲ਼ਣਾ ਹੀ ਨਹੀਂ ਚਾਹੀਦਾ ਕਿਉਂਕਿ ਜੇ ਅਰਦਾਸ ਦਾ ਉੱਤਰ ਮਿਲ਼ ਜਾਵੇ ਤਾਂ ਉਹ ਅਰਦਾਸ ਰਹਿੰਦੀ ਹੀ ਨਹੀਂ ਸਗੋਂ ਖ਼ਤੋ-ਕਿਤਾਬਤ ਦਾ ਸਿਲਸਿਲਾ ਬਣ ਜਾਂਦੀ ਹੈ। ਲੈਣ-ਦੇਣ ਦਾ ਵਪਾਰ ਬਣ ਜਾਂਦੀ ਹੈ।

16. **ਇਕਾਂਗੀ ਵਿੱਚੋਂ (ਕਿਸੇ ਇੱਕ ਪ੍ਰਸ਼ਨ ਦਾ ਉੱਤਰ 50 ਤੋਂ 60 ਸ਼ਬਦਾਂ ਵਿੱਚ ਦਿਓ) : 1X4=4**

(i) ਅਸ਼ੋਕ ਅਤੇ ਅਕਬਰ ਨੇ ਆਪਣੇ ਰਾਜ ਦੀਆਂ ਨੀਹਾਂ ਕਿਵੇਂ ਪੱਕੀਆਂ ਕੀਤੀਆਂ ? 'ਜ਼ਫ਼ਰਨਾਮਾ' ਇਕਾਂਗੀ ਦੇ ਆਧਾਰ 'ਤੇ ਦੱਸੋ।

ਉੱਤਰ: 'ਜ਼ਫ਼ਰਨਾਮਾ ਇਕਾਂਗੀ ਅਨੁਸਾਰ ਕੋਈ ਵੀ ਹੁਕਮਰਾਨ ਮਜ਼ਬੂਤ ਹੱਥਾਂ ਅਤੇ ਪੁਖ਼ਤਾ ਇਰਾਦੇ ਨਾਲ਼ ਕਿਸੇ ਰਾਜ ਦੀਆਂ ਨੀਹਾਂ ਪੱਕੀਆਂ ਕਰਨ ਵਿੱਚ ਸਫ਼ਲ ਨਹੀਂ ਹੋ ਸਕਦਾ ਬਲਕਿ ਅਸ਼ੋਕ ਅਤੇ ਅਕਬਰ ਵਾਂਗ ਲੋਕਾਂ ਦੇ ਦਿਲਾਂ ਨੂੰ ਜਿੱਤਣ ਨਾਲ਼ ਹੀ ਰਾਜ ਦੀਆਂ ਨੀਹਾਂ ਪੱਕੀਆਂ ਹੁੰਦੀਆਂ ਹਨ। ਇਹ ਸਭ ਕੁਝ ਸਭ ਧਰਮਾਂ ਦੇ ਲੋਕਾਂ ਦੇ ਸਤਿਕਾਰ ਕਰਨ ਨਾਲ਼ ਹੀ ਸੰਭਵ ਹੁੰਦਾ ਹੈ।

(ii) ਮਨਜੀਤ ਕੌਰ ਦਾ ਸੁਭਾਅ ਕਿਹੋ ਜਿਹਾ ਹੈ ? 'ਦੂਜਾ ਵਿਆਹ' ਇਕਾਂਗੀ ਦੇ ਆਧਾਰ 'ਤੇ ਦੱਸੋ।

ਉੱਤਰ: ਮਨਜੀਤ ਕੌਰ ਦੂਜਾ ਵਿਆਹ' ਇਕਾਂਗੀ ਦੀ ਮੁੱਖ ਪਾਤਰ ਹੈ, ਉਹ ਨਿਹਾਲ ਕੌਰ ਦੀ ਨੂੰਹ ਅਤੇ ਸੁਖਦੇਵ ਦੀ ਪਤਨੀ ਹੈ। ਉਹ ਕਿਸੇ ਗੱਲ ਦਾ ਗੁੱਸਾ ਨਾ ਕਰਨ ਵਾਲ਼ੀ ਹਸਮੁਖ ਸੁਭਾਅ ਦੀ ਹੈ। ਉਹ ਆਪਣੀ ਸੱਸ, ਸਹੁਰੇ, ਪਤੀ ਤੇ ਨਨਾਣ ਆਦਿ ਸਭ ਦਾ ਬਰਾਬਰ ਸਤਿਕਾਰ ਕਰਦੀ ਹੈ। ਉਹ ਔਰਤ ਦੇ ਹੱਕ ਵਿੱਚ ਗੱਲ ਕਰਨ ਵਾਲ਼ੀ ਹਾਜ਼ਰ-ਜਵਾਬ ਸੁਹਿਰਦ ਮੁਟਿਆਰ ਹੈ।